# ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

ਨੇੜੇ ਸਰਕਾਰੀ ਮਾਡਲ ਸੀਨੀਆਰ ਸੈਕੰਡਰੀ ਸਕੂਲ, ਫੇਜ 3 ਬੀ1, ਐਸ.ਏ.ਐਸ ਨਗਰ (ਮੋਹਾਲੀ)

ਈ-ਮੇਲ:- recruitment@punjabeducation.gov.in ਫੋਨ ਨੰ: 0172-3115378

ਮੀਮੋ ਨੰਬਰ. ਈ-369149/ਅਧੀਨ/2024 ਮਿਤੀ, ਐਸ.ਏ.ਐਸ. ਨਗਰ: 12-06-2024.

## ਪਬਲਿਕ ਨੋਟਿਸ

ਸਕੂਲ ਸਿੱਖਿਆ ਵਿਭਾਗ ਅਧੀਨ 5994 ਈ.ਟੀ.ਟੀ.ਕਾਡਰ ਦਾ ਵਿਗਿਆਪਨ ਮਿਤੀ 12-10-2022 ਨੂੰ ਦਿੱਤਾ ਗਿਆ ਸੀ। ਜਿਸਦੀ ਅਪਲਾਈ ਕਰਨ ਦੀ ਆਖਰੀ ਮਿਤੀ 10-11-2022 ਸੀ। ਇਹਨਾਂ ਅਸਾਮੀਆਂ ਲਈ ਲਿਖਤੀ ਟੈਸਟ ਮਿਤੀ 05-03-2023 ਨੂੰ ਲਿਆ ਗਿਆ ਸੀ। ਸਿਵਲ ਰਿੱਟ ਪਟੀਸ਼ਨ ਨੰ. 6819 ਆਫ 2023 ਪਰਵਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿੱਚ ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 30-04-2024 ਅਨੁਸਾਰ 5994 ਈ.ਟੀ.ਟੀ. ਭਰਤੀ ਦਾ ਪੇਪਰ-ਏ ਦੁਬਾਰਾ ਲਿਆ ਜਾਣਾ ਹੈ। ਇਸ ਮੰਤਵ ਲਈ 5994 ਈ.ਟੀ.ਟੀ. ਪੇਪਰ-ਏ (ਪੰਜਾਬੀ ਭਾਸ਼ਾ) ਦਾ ਸਿਲੇਬਸ ਵਿਭਾਗ ਦੀ ਵੈੱਬਸਾਈਟ www.educationrecruitmentboard.com ਤੇ ਮਿਤੀ 18-05-2024 ਨੂੰ ਅੱਪਲੋਡ ਕਰ ਦਿੱਤਾ ਗਿਆ ਹੈ। ਇਹਨਾਂ ਅਸਾਮੀਆਂ ਲਈ ਲਿਖਤੀ ਪੇਪਰ ਮਿਤੀ 28-07-2024 ਨੂੰ ਲਿਆ ਜਾਵੇਗਾ।

ਮਿਤੀ 28-07-2024 ਨੂੰ ਹੋਣ ਵਾਲੇ ਲਿਖਤੀ ਪੇਪਰ ਉਹਨਾਂ ਉਮੀਦਵਾਰਾਂ ਵੱਲੋਂ ਹੀ ਦਿੱਤਾ ਜਾਵੇਗਾ, ਜਿਹਨਾਂ ਵੱਲੋਂ ਪਹਿਲਾ ਮਿਤੀ 05-03-2023 ਨੂੰ ਦੋਨੋਂ ਪੇਪਰ-ਏ ਅਤੇ ਪੇਪਰ-ਬੀ ਦਿੱਤੇ ਗਏ ਸਨ। ਜਿਹਨਾਂ ਉਮੀਦਵਾਰਾਂ ਦੀ ਸਕਰੂਟਨੀ ਸਮੇਂ ਬਾਇਓਮੈਟ੍ਰਿਕ ਆਪਸ ਵਿੱਚ ਮੇਲ ਨਹੀ ਹੋਈ ਸੀ, ਉਹਨਾਂ ਉਮੀਦਵਾਰਾਂ ਦਾ ਹੁਣ ਪੇਪਰ-ਏ ਨਹੀਂ ਲਿਆ ਜਾਵੇਗਾ। ਇਸਤੋਂ ਇਲਾਵਾ ਪੇਪਰ-ਏ ਮੁੜ ਦੇਣ ਲਈ ਉਮੀਦਵਾਰਾਂ ਵੱਲੋਂ ਹੇਠ ਲਿਖੇ ਅਨੁਸਾਰ ਫੀਸ ਮੁੜ ਜਮ੍ਹਾ ਕਰਵਾਈ ਜਾਣੀ ਹੈ। ਜੇਕਰ ਕਿਸੇ ਉਮੀਦਵਾਰ ਵੱਲੋਂ ਫੀਸ ਜਮ੍ਹਾਂ ਨਹੀ ਕਰਵਾਈ ਜਾਂਦੀ ਤਾਂ ਉਸ ਉਮੀਦਵਾਰ ਨੂੰ ਰੋਲ ਨੰਬਰ (ਐਡਮਿਟ ਕਾਰਡ) ਜਾਰੀ ਨਹੀ ਕੀਤਾ ਜਾਵੇਗਾ। ਉਮੀਦਵਾਰ ਮਿਤੀ 14-06-2024 ਤੋਂ 21-06-2024 ਤੱਕ ਫੀਸ ਜਮ੍ਹਾ ਕਰਵਾਉਣਗੇ, ਉਸ ਉਪਰੰਤ ਪੋਰਟਲ ਬੰਦ ਕਰ ਦਿੱਤਾ ਜਾਵੇਗਾ।

| | | |
|---|---|---|
| 1. | ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾ ਲਈ: | 800 ਰੁਪਏ |
| 2. | ਰਿਜਰਵ ਕੈਟਾਗਰੀ (ਐਸ.ਸੀ/ਐਸ.ਟੀ): | 400 ਰੁਪਏ |
| 3. | ਸਾਬਕਾ ਸੈਨਿਕ (ਖੁੱਦ) | ਕੋਈ ਫੀਸ ਨਹੀਂ |
| 4. | ਸਾਬਕਾ ਸੈਨਿਕ (ਡਿਪੈਂਡੈਂਟ) | |
| | 4 (a) ਰਿਜਰਵ ਕੈਟਾਗਰੀ: | 400 ਰੁਪਏ ♦ |
| | 4 (b) ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰ: | 800 ਰੁਪਏ ♦ |

ਫੀਸ ਸਬੰਧੀ ਬਾਕੀ ਸ਼ਰਤਾ ਵਿਗਿਆਪਨ ਮਿਤੀ 12-10-2022 ਵਾਲੀਆ ਹੀ ਰਹਿਣਗੀਆ।

(ਸ) ਹੁਣ ਫੀਸ ਭਰਨ ਲਈ ਉਮੀਦਵਾਰ ਵੱਲੋਂ ਆਪਣੇ ਰਜਿਸ਼ਟ੍ਰੇਸ਼ਨ ਨੰਬਰ ਅਤੇ ਪਾਸਵਰਡ ਦੀ ਮਦੱਦ ਨਾਲ ਆਪਣੇ ਅਕਾਊਂਟ ਵਿੱਚ ਲੋਗਇਨ ਕੀਤਾ ਜਾਵੇਗਾ। ਉਮੀਦਵਾਰ ਵੱਲੋਂ ਐਪਲੀਕੇਸ਼ਨ ਫੀਸ ਨਾਮ ਦੇ ਲਿੰਕ ਉੱਤੇ ਕਲਿੱਕ ਕਰਕੇ ਫੀਸ ਆਨਲਾਈਨ ਭਰੀ ਜਾ ਸਕਦੀ ਹੈ।

(ਹ) ਫੀਸ ਦੀ Confirmation ਹੋਣ ਉਪਰੰਤ ਉਸ ਦਾ ਪ੍ਰਿੰਟਆਊਟ ਜਰੂਰ ਲਿਆ ਜਾਵੇ ਅਤੇ ਇਸ ਨੂੰ ਸੰਭਾਲਕੇ ਰੱਖਿਆ ਜਾਵੇ।

ਨੋਟ:-

1. ਜੋ ਉਮੀਦਵਾਰ ਪਹਿਲਾ ਲਏ ਗਏ ਕਿਸੇ ਵੀ ਪੇਪਰ ਵਿੱਚ ਗੈਰਹਾਜਰ ਰਹੇ ਹਨ, ਉਹ ਹੁਣ ਦੁਬਾਰਾ ਪੇਪਰ ਦੇਣ ਦੇ ਯੋਗ ਨਹੀ ਹਨ। ਉਹਨਾਂ ਨੂੰ ਰੋਲ ਨੰਬਰ ਜਾਰੀ ਨਹੀ ਕੀਤੇ ਜਾਣਗੇ।
2. ਇਸ ਦਫਤਰ ਦੇ ਮੂੰਹ ਬੋਲਦੇ ਹੁਕਮ ਨੰ. 541371 ਮਿਤੀ 09-01-2024 ਰਾਹੀਂ ਜਿਹਨਾਂ ਉਮੀਦਵਾਰਾਂ ਦੀ ਪਾਤਰਤਾ ਰੱਦ ਕੀਤੀ ਗਈ ਹੈ, ਉਹ ਉਮੀਦਵਾਰ ਵੀ ਹੁਣ ਦੁਬਾਰਾ ਪੇਪਰ ਦੇਣ ਦੇ ਯੋਗ ਨਹੀ ਹਨ, ਉਹਨਾਂ ਨੂੰ ਵੀ ਰੋਲ ਨੰਬਰ ਜਾਰੀ ਨਹੀ ਕੀਤੇ ਜਾਣਗੇ।

12/06/24

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ